brampton.ca BRAMPTON Flower City

**Matte Story | February 15, 2018**

# ਐਂਟਰਪ੍ਰੀਨੀਅਰ ਪ੍ਰੋਗਰਾਮ ਨੇ ਸਦੀਆਂ ਪੁਰਾਣੇ ਨਾਈ ਦੇ ਕੰਮ ਦੀ ਪਰੰਪਰਾ ਵਿੱਚ ਨਵੀਂ ਜਾਨ ਪਾਉਣ ਵਿੱਚ ਮਦਦ ਕੀਤੀ

2010 ਵਿੱਚ, ਜੇਸਿਕਾ ਹੋਚ (Jessica Hoach) ਅਤੇ ਉਹਨਾਂ ਦੇ ਪਤੀ/ਕਾਰੋਬਾਰ ਸਾਂਝੇਦਾਰ ਮਾਰਟਿਨ (Martin) ਨੇ ਐਂਟਰਪ੍ਰੀਨੀਅਰ ਸਬੰਧੀ ਸੁਪਨਿਆਂ ਅਤੇ ਨਾਈ ਦੇ ਕੰਮ ਦੇ ਇਤਿਹਾਸ ਅਤੇ ਪੇਸ਼ੇ ਲਈ ਪ੍ਰਸ਼ੰਸਾ 'ਤੇ ਆਧਾਰਿਤ, ਈਕੋਨਿਕ ਹਾਊਸ ਆਫ ਬਾਰਬਰਸ (Eikonic House of Barbers) ਦੀ ਸ਼ੁਰੂਆਤ ਕੀਤੀ। ਦੁਕਾਨ ਦਾ ਦ੍ਰਿਸ਼ਟੀਕੋਣ ਅਤੇ ਮਹੌਲ ਪੂਰੀ ਤਰ੍ਹਾਂ ਸਥਿਤੀਆਂ ਦੇ ਅਨੁਕੂਲ ਹੈ। ਈਕੋਨਿਕ ਵਿਕਾਸ ਲਈ ਅਵਾਰਡ ਜਿੱਤਦੇ ਹੋਏ, ਗਾਹਕਾਂ ਨੂੰ ਆਕਰਸ਼ਿਤ ਕਰਨ ਅਤੇ ਕਾਰੋਬਾਰੀ ਸੰਗਠਨਾਂ ਦਾ ਧਿਆਨ ਖਿੱਚਣ ਦੋਵਾਂ ਵਿੱਚ ਸਫਲ ਰਿਹਾ ਸੀ।

"ਸਾਨੂੰ ਸਟਾਫ਼ ਰੱਖਣ ਵਿੱਚ ਚੁਣੌਤੀ ਦਾ ਸਾਹਮਣਾ ਕਰਨ ਪਿਆ ਸੀ," ਜੇਸਿਕਾ ਨੇ ਦੱਸਿਆ। ਉਹਨਾਂ ਨੇ ਅੱਗੇ ਕਿਹਾ, "ਲੋਕ ਅਰਜ਼ੀ ਦੇਣ ਤੋਂ ਝਿਜਕਦੇ ਸਨ, ਕਿਉਂਕਿ ਉਹ ਸਮਝਦੇ ਸਨ ਕਿ ਨਾਈ ਦੇ ਤੌਰ 'ਤੇ ਉਹਨਾਂ ਕੋਲ ਕੋਈ ਖੂਬੀ ਨਹੀਂ ਸੀ।"

ਇਸਲਈ, ਜੇਸਿਕਾ ਅਤੇ ਮਾਰਟਿਨ ਨੇ ਇਨ-ਹਾਊਸ ਟ੍ਰੇਨਿੰਗ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਵਿੱਚ ਸਫਲਤਾਪੂਰਵਕ ਲਗਭਗ 30 ਸਿਖਿਅਕ ਨਾਈ ਰੱਖੇ ਗਏ, ਅਤੇ ਇਸ ਪ੍ਰਕਿਰਿਆ ਵਿੱਚ ਸਿਖਾਉਣ ਅਤੇ ਨਾਈ ਦੇ ਕੰਮ ਦੀ ਪਰੰਪਰਾ ਲਈ ਉਹਨਾਂ ਦੇ ਜੋਸ਼ ਨੂੰ ਸਾਂਝਾ ਕਰਨ ਵਿੱਚ ਉਹਨਾਂ ਨੂੰ ਬਹੁਤ ਹੀ ਮਜ਼ਾ ਆਇਆ।

ਈਕੋਨਿਕ ਅਕੈਡਮੀ ਆਫ ਬਿਊਟੀ ਐਂਡ ਬਾਰਬਰਿੰਗ (Eikonic Academy of Beauty and Barbering) ਦਾ ਵਿਚਾਰ ਮਨ ਵਿੱਚ ਆ ਚੁੱਕਿਆ ਸੀ।

ਉਸੇ ਸਮੇਂ, ਜੇਸਿਕਾ ਇਸ ਨਵੇਂ ਉੱਦਮ ਲਈ ਕਾਰੋਬਾਰੀ ਯੋਜਨਾ 'ਤੇ ਕੰਮ ਕਰ ਰਹੀ ਸੀ ਅਤੇ ਪਹੁੰਚ ਦੇ ਵਸੀਲੇ ਖੋਜ ਰਹੀ ਸੀ, ਉਦੋਂ ਹੀ ਉਸਨੂੰ ਸਮਾਲ ਬਿਜਨਸ ਐਕਸੀਲੇਰੇਟਰ (Small Business Accelerator) ਪ੍ਰੋਗਰਾਮ ਬਾਰੇ ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਤੋਂ ਇੱਕ ਈਮੇਲ ਪ੍ਰਾਪਤ ਹੋਈ। ਸਮਾਲ ਬਿਜਨਸ ਐਕਸੀਲੇਰੇਟਰ, ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਦੁਆਰਾ ਪ੍ਰਦਾਨ ਕੀਤਾ ਜਾਣ ਵਾਲਾ ਸੂਬੇ ਵੱਲੋਂ ਫੰਡਿਡ ਸਟਾਰਟਰ ਕੰਪਨੀ ਪਲਸ ਪ੍ਰੋਗਰਾਮ ਹੈ, ਜੋ ਸਲਾਹ, ਮਾਰਗਦਰਸ਼ਨ ਅਤੇ ਵਿੱਤੀ ਸਹਾਇਤਾ ਦੇ ਨਾਲ ਨਵੇਂ ਜਾਂ ਉੱਭਰਦੇ ਕਾਰੋਬਾਰੀਆਂ ਦੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਜੇਸਿਕਾ ਨੇ ਫ਼ੈਸਲਾ ਕੀਤਾ ਕਿ ਇਸ ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ।

ਇਸਨੇ ਉਸਦੇ ਪੂਰੇ ਦ੍ਰਿਸ਼ਟੀਕੋਣ ਨੂੰ ਬਦਲ ਦਿੱਤਾ। "ਮੈਂ ਇਸਨੂੰ ਬੇਹੱਦ ਲਾਭਕਾਰੀ ਪਾਇਆ," ਜੇਸਿਕਾ ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, "ਇਸਨੇ ਨਵੇਂ ਉੱਦਮ ਲਈ ਮਾਨਸਿਕ ਰੂਪ ਵਿੱਚ ਤਿਆਰ ਹੋਣ ਵਿੱਚ ਮੇਰੀ ਮਦਦ ਕੀਤੀ। ਮੈਂ ਸਮੁੱਚੀ ਨਵੀਂ ਕਾਰੋਬਾਰੀ ਯੋਜਨਾ ਲਿਖੀ, ਜਿਸਨੇ ਮੈਨੂੰ ਹੋਰ ਆਤਮਵਿਸ਼ਵਾਸ਼ੀ ਬਣਾਇਆ ਅਤੇ ਸਾਡੇ ਕਾਰੋਬਾਰੀ ਸਾਂਝੇਦਾਰਾਂ ਨੂੰ ਸਮਝਾਉਣ ਦੇ ਬਿਹਤਰ ਯੋਗ ਬਣਾਇਆ।"

ਇਸਨੂੰ ਪੂਰਾ ਕਰਨ ਲਈ, ਉਸਨੇ ਜਨਵਰੀ ਵਿੱਚ $5,000 ਦੇ ਚੈੱਕ ਨਾਲ ਤਿੰਨ ਮਹੀਨਿਆਂ ਦਾ ਪ੍ਰੋਗਰਾਮ ਪੂਰਾ ਕੀਤਾ।

ਜੇਸਿਕਾ ਅਤੇ ਮਾਰਟਿਨ ਅਗਲੇ ਕੁਝ ਮਹੀਨਿਆਂ ਵਿੱਚ ਆਪਣੀ ਨਵੀਂ ਅਕੈਡਮੀ ਖੋਲ੍ਹਣ ਦੀ ਯੋਜਨਾ ਬਣਾ ਰਹੇ ਹਨ ਅਤੇ ਉਹ ਥਾਂ ਲੱਭਣ ਅਤੇ ਤਰਕ ਸਬੰਧੀ (ਲੋਜਿਸਟਿਕਲ) ਚੁਣੌਤੀਆਂ 'ਤੇ ਕੰਮ ਕਰ ਰਹੇ ਹਨ। ਉਹਨਾਂ ਨੂੰ ਅਗਲੇ ਪੰਜ ਤੋਂ ਦਸ ਸਾਲਾਂ ਵਿੱਚ ਪੂਰੇ ਓਨਟੈਰੀਓ ਅਤੇ ਕੈਨੇਡਾ ਵਿੱਚ ਇਸ ਧਾਰਨਾ ਦਾ ਵਿਸਤਾਰ ਹੋਣ ਦੀ ਆਸ ਹੈ।

ਜਿਵੇਂ-ਜਿਵੇਂ ਉਹਨਾਂ ਦਾ ਕਾਰੋਬਾਰ ਵਧ ਰਿਹਾ ਹੈ, ਉਹਨਾਂ ਨੂੰ ਪੇਸ਼ੇ ਦੇ ਪ੍ਰਤੀ ਉਹਨਾਂ ਦੇ ਪਿਆਰ ਤੋਂ ਪਰੇ ਦੂਜੀ ਪ੍ਰੇਰਨਾ ਵੀ ਮਿਲੀ ਹੈ – ਅਤੇ ਉਹ ਹਨ ਲੋਕ।

"ਅਸੀਂ ਕੁਸ਼ਲਤਾ ਸਿਖਾਉਣਾ ਅਤੇ ਇੱਕ ਪਰੰਪਰਾ ਦਾ ਸਮਰਥਨ ਕਰਨਾ ਚਾਹੁੰਦੇ ਹਾਂ, ਪਰੰਤੂ ਅਸੀਂ "ਲੋਕਾਂ" ਦੇ ਪੱਖ ਵਿੱਚ ਵੀ ਸਹਿਯੋਗ ਕਰਨਾ ਚਾਹੁੰਦੇ ਹਾਂ," ਜੇਸਿਕਾ ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, "ਜਦੋਂ ਕੋਈ ਵਾਲ ਕਟਵਾਉਣ ਜਾਂ ਸਟਾਈਲ ਬਣਵਾਉਣ ਜਾਂ ਸ਼ੇਵ ਕਰਵਾਉਣ (ਦਾੜ੍ਹੀ ਬਣਵਾਉਣ) ਆਉਂਦਾ ਹੈ, ਤਾਂ ਉਹ ਅਨੁਭਵ ਉਸ ਵਿਅਕਤੀ ਲਈ ਸ਼ਾਨਦਾਰ ਹੋਣਾ ਚਾਹੀਦਾ ਹੈ। ਅਸੀਂ ਤਕਨੀਕੀ ਅਤੇ ਪਰਸਪਰ (ਇੰਟਰਪਰਸਨਲ) ਕੁਸ਼ਲਤਾਵਾਂ ਸਿਖਾਉਂਦੇ ਹੋਏ ਚਾਹੁੰਦੇ ਹਾਂ ਕਿ – ਸਾਡਾ ਕਾਲੇਜ ਵੀ ਇਹੀ ਦ੍ਰਿਸ਼ਟੀਕੋਣ ਹਾਸਲ ਕਰੇ।"

"ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ ਨੇ ਇਸ ਵਿੱਚ ਵੀ ਮਦਦ ਕੀਤੀ। ਪ੍ਰੋਗਰਾਮ ਦੇ ਕੁਝ ਤੱਥਾਂ ਨੂੰ ਸਾਡੇ ਵਿਦਿਆਰਥੀਆਂ ਨੂੰ ਅਤੇ ਪਾਠਾਂ ਵਿੱਚ ਸਾਡੇ ਵੱਲੋਂ ਪ੍ਰਦਾਨ ਕੀਤੇ ਜਾਣ ਵਾਲੀਆਂ ਸਮੱਗਰੀਆਂ ਵਿੱਚ ਸਿੱਧੇ ਰੂਪਾਂਤਰਿਤ ਕੀਤਾ ਜਾਂਦਾ ਹੈ, ਜਿਹਨਾਂ ਨੂੰ ਉਹ ਲਾਗੂ ਕਰ ਸਕਦੇ ਹਨ।"

ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ 23 ਫਰਵਰੀ ਤੱਕ ਅਗਲੇ ਸਮਾਲ ਬਿਜਨਸ ਐਕਸੀਲੇਰੇਟਰ ਪ੍ਰੋਗਰਾਮ ਲਈ ਬਿਨੈਕਾਰਾਂ ਨੂੰ ਸਵੀਕਾਰ ਕਰ ਰਿਹਾ ਹੈ। www.brampton.ca/bec 'ਤੇ ਹੋਰ ਜਾਣਕਾਰੀ ਪ੍ਰਾਪਤ ਕਰੋ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca